ਅੰਤਰ-ਰਾਸ਼ਟਰੀ ਪੰਜਾਬੀ ਪੀਅਰ-ਰੀਵਿਊਡ/ਰੈਫ਼ਰੀਡ ਸਾਹਿਤਕ ਅਤੇ ਖੋਜ ਜਰਨਲ

# ਖੋਜਨਾਮਾ

ਜਿਲਦ-3 ਅੰਕ-3

ਸਤੰਬਰ-ਦਸੰਬਰ 2025 ISSN: 2584-0509



ਸੰਪਾਦਕ

ਡਾ. ਜਸਵਿੰਦਰ ਸਿੰਘ ਬਰਾੜ

ਅੰਤਰ-ਰਾਸ਼ਟਰੀ ਪੰਜਾਬੀ ਪੀਅਰ ਰੀਵਿਊਡ/ਰੈਫ਼ਰੀਡ

**ਸਾਹਿਤਕ ਅਤੇ ਖੋਜ ਜਰਨਲ**

**(ISSN: 2584-0509)**

# ਖੋਜਨਾਮਾ

**ਜਿਲਦ-3**

**ਅੰਕ-3 (ਸਤੰਬਰ-ਦਸੰਬਰ 2025)**

ਸੰਪਾਦਕ

ਡਾ. ਜਸਵਿੰਦਰ ਸਿੰਘ ਬਰਾੜ

ਤਕਨੀਕੀ ਸਹਿਯੋਗ

ਪ੍ਰਦੀਪ ਸਿੰਘ

ਕੁਲਵਿੰਦਰ ਸਿੰਘ

# ਸੰਪਾਦਕੀ ਬੋਰਡ




**ਪ੍ਰੋ. ਨਾਬਿਲਾ ਰਹਿਮਾਨ**
ਸਾਬਕਾ ਵਾਇਸ ਚਾਂਸਲਰ, ਯੂਨੀਵਰਸਿਟੀ
ਆਫ ਝੰਗ ਅਤੇ ਡਾਇਰੈਕਟਰ,
ਇੰਸਟੀਚਿਊਟ ਆਫ ਪੰਜਾਬੀ ਐਂਡ
ਕਲਚਰਲ ਸਟੱਡੀ, ਯੂਨੀਵਰਸਿਟੀ ਆਫ
ਪੰਜਾਬ, ਲਾਹੌਰ, ਪਾਕਿਸਤਾਨ।




**ਰਵਿੰਦਰ ਰਵੀ**

ਪ੍ਰਸਿੱਧ ਪੰਜਾਬੀ ਬਹੁ-ਵਿਧਾਈ ਲੇਖਕ,
ਕੈਨੇਡਾ।



**ਪ੍ਰੋ. ਰਾਜਿੰਦਰ ਪਾਲ ਸਿੰਘ ਬਰਾੜ**
ਸਾਬਕਾ ਪ੍ਰੋਫ਼ੈਸਰ ਪੰਜਾਬੀ ਵਿਭਾਗ
ਅਤੇ ਡੀਨ ਭਾਸ਼ਾਵਾਂ,
ਪੰਜਾਬੀ ਯੂਨੀਵਰਸਿਟੀ
ਪਟਿਆਲਾ,ਪੰਜਾਬ, ਭਾਰਤ।



**ਸਾਬਰ ਅਲੀ ਸਾਬਰ**

ਪ੍ਰਸਿੱਧ ਪੰਜਾਬੀ ਸ਼ਾਇਰ
ਪਾਕਿਸਤਾਨ।



**ਪ੍ਰੋ. ਕੁਲਵੀਰ ਗੋਜਰਾ**

ਪੰਜਾਬੀ ਵਿਭਾਗ,
ਦਿੱਲੀ ਯੂਨੀਵਰਸਿਟੀ, ਦਿੱਲੀ, ਭਾਰਤ।



**ਡਾ. ਸਿੰਕਦਰ ਸਿੰਘ**

ਮੁਖੀ, ਪੰਜਾਬੀ ਵਿਭਾਗ
ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ
ਫਤਿਹਗੜ੍ਹ ਸਹਿਬ, ਪੰਜਾਬ, ਭਾਰਤ।



**ਡਾ. ਸੰਦੀਪ ਸਿੰਘ**

ਮੁਖੀ, ਪੰਜਾਬੀ ਵਿਭਾਗ
ਅਕਾਲ ਯੂਨੀਵਰਸਿਟੀ,
ਤਲਵੰਡੀ ਸਾਬੋ, ਪੰਜਾਬ, ਭਾਰਤ



**ਡਾ. ਸੋਮੀ ਰਾਮ**

ਸਹਾਇਕ ਪ੍ਰੋਫ਼ੈਸਰ, ਪੰਜਾਬੀ ਵਿਭਾਗ
ਅਕਾਲ ਯੂਨੀਵਰਸਿਟੀ
ਤਲਵੰਡੀ ਸਾਬੋ, ਪੰਜਾਬ, ਭਾਰਤ



**ਡਾ. ਸਟਾਲਿਨਜੀਤ ਸਿੰਘ ਬਰਾੜ**

ਸਹਾਇਕ ਪ੍ਰੋਫ਼ੈਸਰ, ਪੰਜਾਬੀ ਵਿਭਾਗ
ਬਾਬਾ ਫ਼ਰੀਦ ਕਾਲਜ
ਬਠਿੰਡਾ, ਪੰਜਾਬ, ਭਾਰਤ

ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ ॥
ਪੀਪਾ ਪ੍ਰਣਵੈ ਪਰਮ ਤਤੁ ਹੈ ਸਤਿਗੁਰੁ ਹੋਇ ਲਖਾਵੈ ॥੨॥੩॥

ਭਗਤ ਪੀਪਾ ਜੀ

© ਸਾਰੇ ਹੱਕ ਸੰਪਾਦਕ 'ਖੋਜਨਾਮਾ' ਕੋਲ ਰਾਖਵੇਂ ਹਨ।

ਲੇਖਕ ਆਪਣੇ ਵਿਚਾਰਾਂ ਲਈ ਆਪ ਜ਼ਿੰਮੇਵਾਰ ਹੋਵੇਗਾ।

ਅਦਾਰਾ 'ਖੋਜਨਾਮਾ' ਦਾ ਲੇਖਕ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

ਕੀਮਤ:- ਤੁਹਾਡਾ ਸਹਿਯੋਗ, ਦੁਆਵਾਂ ਅਤੇ ਸੁਝਾਅ

**www.khojnama.com**
Khojnamapb03@gmail.com
**+91 98776-61770**

---

ਕਿਸੇ ਵੀ ਕਿਸਮ ਦਾ ਵਾਦ-ਵਿਵਾਦ ਸਿਰਫ਼ ਮਾਣਯੋਗ ਜ਼ਿਲ੍ਹਾ ਅਦਾਲਤ ਬਠਿੰਡਾ,
ਪੰਜਾਬ (ਭਾਰਤ) ਵਿਖੇ ਹੀ ਵਿਚਾਰਣਯੋਗ ਹੋਵੇਗਾ।

## ਤਤਕਰਾ


| ਲੜੀ ਨੰ. | ਸਿਰਲੇਖ | ਲੇਖਕ | ਪੰਨਾ |
|---|---|---|---|
| ❖ | ਸੰਪਾਦਕੀ | ਡਾ. ਜਸਵਿੰਦਰ ਸਿੰਘ ਬਰਾੜ | i-vi |
| | **ਖੋਜ-ਪੱਤਰ** | | |
| 1. | ਇਤਿ ਕਥਾ ਦੀ ਬਿਰਤਾਂਤਕਾਰੀ | ਪ੍ਰੋ. ਸਰਬਜੀਤ ਸਿੰਘ | 1-28 |
| 2. | ਜਗਦੀਸ਼ ਫ਼ਰਿਆਦੀ ਦੀ ਮੰਚ ਕਲਾ | ਡਾ. ਗੁਰਸੇਵਕ ਸਿੰਘ ਲੰਬੀ | 29-38 |
| 3. | ਡਿਜੀਟਲ ਸੰਸਾਰ ਵਿੱਚ ਅੰਮ੍ਰਿਤਾ ਪ੍ਰੀਤਮ ਰਚਿਤ ਸਾਹਿਤ: ਸਰੂਪ ਤੇ ਸਾਰ | ਡਾ. ਗੁਰਪ੍ਰੀਤ ਕੌਰ ਬਰਾੜ | 39-57 |
| 4. | ਮੱਧਕਾਲੀ ਗੁਰਮੁਖੀ ਸਿੱਖ ਸਰੋਤਾਂ ਵਿੱਚ ਗੁਰੂ ਤੇਗ ਬਹਾਦਰ ਜੀ ਦਾ ਵਿਸ਼ੇਸ਼ਣੀ ਸਰੂਪ | ਡਾ. ਰਾਜਨਦੀਪ ਕੌਰ<br>ਕੁਲਵਿੰਦਰ ਕੌਰ | 58-70 |
| 5. | ਪਰਵਾਸੀ ਪੰਜਾਬੀ ਸਮੁਦਾਇ ਤੇ ਇਮੀਗਰੇਸ਼ਨ ਨੀਤੀਆਂ ਦੀ ਸਿਆਸਤ ਦਾ ਯਥਾਰਥ: 'ਹਨੇਰੇ ਰਾਹ' | ਡਾ. ਅਕਾਲ ਅੰਮ੍ਰਿਤ ਕੌਰ | 71-77 |
| 6. | ਪ੍ਰਤੀਕ: ਸਿਧਾਂਤਕ ਪਰਿਪੇਖ | ਡਾ. ਸੰਦੀਪ ਸਿੰਘ | 78-88 |
| 7. | ਬਦਲਦੇ ਮਾਨਵੀਂ ਸਰੋਕਾਰਾਂ ਨੂੰ ਪ੍ਰਗਟਾਉਂਦਾ ਕਾਵਿ-ਸੰਗ੍ਰਹਿ: ਰੂਹ ਦਾ ਰੇਗਿਸਤਾਨ | ਡਾ. ਮਨਜੀਤ ਕੌਰ | 89-100 |
| 8. | ਪੰਜਾਬੀ ਕਹਾਣੀ ਵਿੱਚ ਪੇਸ਼ ਸਭਿਆਚਾਰਕ ਪਰਿਵਰਤਨ ਅਤੇ ਮਾਨਸਿਕ ਤਣਾਅ | ਡਾ. ਸੰਦੀਪ ਰਾਣਾ | 101-108 |
| 9. | ਪੰਜਾਬੀ ਦਲਿਤ ਸ੍ਵੈ-ਜੀਵਨੀ ਵਿਚ ਦਲਿਤ ਪਛਾਣ ਦਾ ਭਾਸ਼ਾਈ ਅਤੇ ਸਭਿਆਚਾਰਕ ਪ੍ਰਵਚਨ | ਸੁਖਚੈਨ ਸਿੰਘ | 109-127 |
| 10. | ਮਨਮੋਹਨ ਬਾਵਾ ਦਾ ਨਾਵਲ ਕਾਲ ਕਥਾ: ਇਕ ਅਧਿਐਨ | ਜਗਮੀਤ ਸਿੰਘ | 128-135 |
| 11. | ਪੁਸਤਕ 'ਦੁੱਧ ਵਿੱਚ ਕਾਂਜੀ' ਪੰਜਾਬੀ ਦਾ ਸਤਿਆਨਾਸ: ਸੰਵਾਦ 'ਤੇ ਸਾਰਥਕਤਾ | ਪਵਨਬੀਰ ਸਿੰਘ | 136-149 |
| | **ਸਾਹਿਤ** | | |
| 12 . | ਕਹਾਣੀ: ਇੱਕ ਖ਼ਾਲੀ-ਖ਼ੂਲੀ ਬੰਦਾ | ਖ਼ਾਲਿਦ ਫ਼ਰਹਾਦ ਧਾਰੀਵਾਲ | 150-159 |
| 13. | ਕਹਾਣੀ: ਕਿਤੇ ਕੋਈ ਹੈ | ਜਿੰਦਰ | 160-171 |

| ਲੜੀ ਨੰ. | ਸਿਰਲੇਖ | ਲੇਖਕ | ਪੰਨਾ |
|---|---|---|---|
| 14. | ਕਵਿਤਾਵਾਂ | ਪ੍ਰੋ. ਜਸਪਾਲ ਸਿੰਘ | 172-183 |
| 15. | ਕਵਿਤਾਵਾਂ | ਜਸਵੰਤ ਸਮਾਲਸਰ | 184-191 |
| ਅਨੁਵਾਦਿਤ ਸਾਹਿਤ | | | |
| 16. | ਕਹਾਣੀ: ਇਸ਼ਕ ਦਾ ਰੰਗ ਗ੍ਰੇਅ | ਡਾ. ਰੰਜਨਾ ਜਾਯਸਵਾਲ<br>ਅਨੁਵਾਦਕ<br>ਪ੍ਰੋ. ਨਵ ਸੰਗੀਤ ਸਿੰਘ | 192-201 |

## ਸੰਪਾਦਕੀ

ਸਾਹਿਤ ਅਤੇ ਖੋਜ ਮਨੁੱਖੀ ਬੌਧਿਕ ਪਰੰਪਰਾ ਦੇ ਉਹ ਮਜ਼ਬੂਤ ਆਧਾਰ ਹਨ ਜਿਨ੍ਹਾਂ ਰਾਹੀਂ ਮਨੁੱਖ ਆਪਣੇ ਅਨੁਭਵ, ਇਤਿਹਾਸ ਅਤੇ ਸਮਕਾਲੀ ਯਥਾਰਥ ਨੂੰ ਅਰਥ ਪ੍ਰਦਾਨ ਕਰਦਾ ਹੈ। ਜਿੱਥੇ ਸਾਹਿਤ ਮਨੁੱਖੀ ਸੰਵੇਦਨਾਵਾਂ ਅਤੇ ਭਾਵਨਾਵਾਂ ਦਾ ਪ੍ਰਗਟਾਅ ਕਰਦਾ ਹੋਇਆ ਬੌਧਿਕ ਚੇਤਨਾ ਨੂੰ ਹੋਰ ਵਿਸਥਾਰ ਦਿੰਦਾ ਹੈ। ਉੱਥੇ ਹੀ ਖੋਜ ਦਾ ਅਰਥ ਸਿਰਫ਼ ਜਾਣਕਾਰੀ ਪ੍ਰਾਪਤ ਕਰਨਾ ਜਾਂ ਪ੍ਰਦਾਨ ਕਰਨਾ ਨਹੀਂ ਹੁੰਦਾ, ਬਲਕਿ ਪ੍ਰਸ਼ਨਾਂ ਦੀ ਪੜਤਾਲ, ਤੱਥਾਂ ਦੀ ਜਾਂਚ, ਸਿੱਟਿਆਂ ਦਾ ਮੁਲਾਂਕਣ ਅਤੇ ਅਰਥਾਂ ਦੀ ਵਿਗਿਆਨਕ ਵਿਆਖਿਆ ਕਰਨਾ ਹੁੰਦਾ ਹੈ। ਇਸ ਦਾਰਸ਼ਨਿਕ ਅਤੇ ਅਕਾਦਮਿਕ ਪ੍ਰਸੰਗ ਵਿੱਚ ਖੋਜਨਾਮਾ ਜਰਨਲ ਸਿਰਫ਼ ਇੱਕ ਪ੍ਰਕਾਸ਼ਨ ਨਹੀਂ, ਸਗੋਂ ਇੱਕ ਗੰਭੀਰ ਬੌਧਿਕ ਮੰਚ ਹੈ, ਜਿੱਥੇ ਵਿਦਵਾਨਾਂ ਦੇ ਸੰਵਾਦ, ਸਮੀਖਿਆਤਮਕ ਵਿਚਾਰ ਅਤੇ ਖੋਜਾਤਮਕ ਦ੍ਰਿਸ਼ਟੀਕੋਣ ਨੂੰ ਵਿਗਿਆਨਕ ਮਿਆਰਾਂ ਅਨੁਸਾਰ ਪੇਸ਼ ਕੀਤਾ ਜਾਂਦਾ ਹੈ। ਖੋਜਨਾਮਾ ਦੀ ਜਿਲਦ-3 ਦੇ ਸਤੰਬਰ–ਦਸੰਬਰ 2025 ਅੰਕ ਵਿੱਚ ਇਸ ਹੀ ਪਰੰਪਰਾ ਨੂੰ ਅੱਗੇ ਵਧਾਉਂਦੇ ਹੋਏ ਪੰਜਾਬੀ ਸਾਹਿਤ, ਸਭਿਆਚਾਰ ਅਤੇ ਸਮਾਜ ਅਧਿਐਨ ਦੇ ਵੱਖ-ਵੱਖ ਪਹਿਲੂਆਂ ‘ਤੇ ਕੇਂਦ੍ਰਿਤ ਗੰਭੀਰ ਖੋਜ ਪੱਤਰਾਂ ਅਤੇ ਸਾਹਿਤਕ ਰਚਨਾਵਾਂ ਨੂੰ ਪ੍ਰਕਾਸ਼ਿਤ ਕੀਤਾ ਗਿਆ ਹੈ।

ਇਸ ਅੰਕ ਦੇ ਪਹਿਲੇ ਭਾਗ ਵਿੱਚ ਗਿਆਰਾਂ ਖੋਜ ਪੱਤਰ ਹਨ। ਜਿੰਨ੍ਹਾਂ ਰਾਹੀ ਵੱਖ-ਵੱਖ ਸਾਹਿਤ ਰੂਪਾਂ ਦਾ ਮੁਲਾਂਕਣ ਕਰਨ ਦੇ ਨਾਲ-ਨਾਲ ਇਤਿਹਾਸਿਕ ਅਤੇ ਮਿਥਿਹਾਸਿਕ ਸ੍ਰੋਤਾਂ ਦੇ ਹਵਾਲੇ ਨਾਲ ਖਾਸ ਤੱਥ ਉਜਾਗਰ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਪਹਿਲਾ ਖੋਜ ਪੱਤਰ ਪ੍ਰੋ ਸਰਬਜੀਤ ਸਿੰਘ ਦੁਆਰਾ **ਇਤਿ ਕਥਾ ਦੀ ਬਿਰਤਾਂਤਕਾਰੀ** ਸਿਰਲੇਖ ਅਧੀਨ ਲਿਖਿਆ ਗਿਆ ਹੈ। ਜਿਸ ਵਿੱਚ ਉਹ ਕਿਰਪਾਲ ਕਜ਼ਾਕ ਦੇ ਨਾਵਲ ‘ਇਤਿ ਕਥਾ’ ਬਾਰੇ ਲਿਖਦੇ ਹਨ ਕਿ “ਇਤਿ ਕਥਾ’ ਪੰਜਾਬੀ ਬਿਰਤਾਂਤਕਾਰੀ ਦੀ ਮਹੱਤਵਪੂਰਨ ਰਚਨਾ ਹੈ ਜਿਸ ਨੇ ਪਹਿਲੀ ਵਾਰ ਰਿਆਸਤੀ ਪੰਜਾਬ ਦਾ ਦ੍ਰਿਸ਼ ਸਿਰਜਿਆ ਹੈ। ‘ਇਤਿ ਕਥਾ’ ਦਾ ਆਰੰਭ ਗੂੜ੍ਹ ਸਾਮੰਤਵਾਦ ’ਚੋਂ ਹੋ ਕੇ ਅਜੋਕੇ ਪੂੰਜੀਵਾਦ ਦੀ ਸਮਾਜੀ ਬਣਤਰ ਦਾ ਸੂਖ਼ਮ ਸਫ਼ਰ ਤੈਅ ਕਰਦਾ ਹੈ। ਇਸ ਬਿਰਤਾਂਤ ਦੀ ਸਹੀ ਸਮਝਕਾਰੀ ਲਈ ਰਿਆਸਤੀ ਪੰਜਾਬ ਦੇ ਸਾਮੰਤੀ ਸਮਾਜ ਦੀ ਬਣਤਰ ਦਾ ਗਿਆਨ ਹੋਣਾ ਜ਼ਰੂਰੀ ਹੈ।“ ਇਸ ਪ੍ਰਕਾਰ ਉਨ੍ਹਾਂ ਨੇ ਆਪਣੇ ਅਧਿਐਨ ਵਿੱਚ ‘ਇਤਿ ਕਥਾ’ ਦੇ ਹਵਾਲੇ ਨਾਲ ਪੰਜਾਬੀ ਨਾਵਲ

ਅਤੇ ਪੰਜਾਬ ਦੇ ਸਮਾਜਿਕ, ਆਰਥਿਕ ਅਤੇ ਧਾਰਮਿਕ ਆਦਿ ਮਸਲਿਆਂ ਬਾਰੇ ਮਹੱਤਵਪੂਰਨ ਨੁਕਤੇ ਪੇਸ਼ ਕੀਤੇ ਹਨ।

**ਜਗਦੀਸ਼ ਫ਼ਰਿਆਦੀ ਦੀ ਮੰਚ ਕਲਾ** ਖੋਜ ਪੱਤਰ ਵਿੱਚ ਡਾ. ਗੁਰਸੇਵਕ ਸਿੰਘ ਲੰਬੀ ਨੇ ਇਪਟਾ ਅਤੇ ਪੰਜਾਬੀ ਰੰਗਮੰਚ ਦਾ ਅਹਿਮ ਹਸਤਾਖ਼ਰ ਜਗਦੀਸ਼ ਫ਼ਰਿਆਦੀ ਦੀ ਸਮੁੱਚੀ ਮੰਚ ਕਲਾ ਨੂੰ ਆਪਣੇ ਅਧਿਐਨ ਦਾ ਵਿਸ਼ਾ ਬਣਾਉਂਦੇ ਹੋਏ, ਉਨ੍ਹਾਂ ਦੀ ਮੰਚ ਕਲਾ ਦੇ ਅਹਿਮ ਪੱਖਾਂ ਨੂੰ ਉਜਾਗਰ ਕੀਤਾ ਹੈ।

**ਡਿਜੀਟਲ ਸੰਸਾਰ ਵਿੱਚ ਅੰਮ੍ਰਿਤਾ ਪ੍ਰੀਤਮ ਰਚਿਤ ਸਾਹਿਤ: ਸਰੂਪ ਤੇ ਸਾਰ** ਖੋਜ ਪੱਤਰ ਰਾਹੀਂ ਡਾ. ਗੁਰਪ੍ਰੀਤ ਕੌਰ ਬਰਾੜ ਨੇ ਵੱਖ-ਵੱਖ ਡਿਜੀਟਲ ਪਲੇਟ ਫਾਰਮਾਂ ‘ਤੇ ਅੰਮ੍ਰਿਤ ਪ੍ਰੀਤਮ ਰਚਿਤ ਸਾਹਿਤ ਅਤੇ ਉਸੇ ਜੀਵਨ ਸੰਬੰਧੀ ਉਪਲੱਬਧ ਡਾਟੇ ਬਾਰੇ ਮਹੱਤਵਪੂਰਨ ਜਾਣਕਾਰੀ ਪ੍ਰਦਾਨ ਕੀਤੀ ਹੈ ਅਤੇ ਨਾਲ ਹੀ ਉਨ੍ਹਾਂ ਨੇ ਅੰਮ੍ਰਿਤ ਪ੍ਰੀਤਮ ਦੇ ਸਮੁੱਚੇ ਸਾਹਿਤ ਦੇ ਸੰਦਰਭ ਵਿੱਚ ਇਸਦਾ ਮੁਲਾਂਕਣ ਵੀ ਕੀਤਾ ਹੈ।

**ਮੱਧਕਾਲੀ ਗੁਰਮੁਖੀ ਸਿੱਖ ਸਰੋਤਾਂ ਵਿੱਚ ਗੁਰੂ ਤੇਗ ਬਹਾਦਰ ਜੀ ਦਾ ਵਿਸ਼ੇਸ਼ਣੀ ਸਰੂਪ** ਖੋਜ ਪੱਤਰ ਵਿੱਚ ਡਾ. ਰਾਜਨਦੀਪ ਕੌਰ ਅਤੇ ਉਨ੍ਹਾਂ ਦੀ ਵਿਦਿਆਰਥਣ ਕੁਲਵਿੰਦਰ ਕੌਰ ਵੱਲੋਂ ਵੱਖ-ਵੱਖ ਮੱਧਕਾਲੀ ਗੁਰਮੁਖੀ ਸਿੱਖ ਸਰੋਤਾਂ ਦਾ ਅਧਿਐਨ ਕਰਦਿਆਂ ਗੁਰੂ ਤੇਗ ਬਹਾਦਰ ਜੀ ਲਈ ਵਰਤੇ ਗਏ ਵੱਖ-ਵੱਖ ਵਿਸ਼ੇਸ਼ਣੀ ਸ਼ਬਦਾਂ ਦੀ ਭਾਲ ਕੀਤੀ ਗਈ ਹੈ।

**ਪਰਵਾਸੀ ਪੰਜਾਬੀ ਸਮੁਦਾਇ ਤੇ ਇਮੀਗਰੇਸ਼ਨ ਨੀਤੀਆਂ ਦੀ ਸਿਆਸਤ ਦਾ ਯਥਾਰਥ: 'ਹਨੇਰੇ ਰਾਹ'** ਡਾ. ਅਕਾਲ ਅੰਮ੍ਰਿਤ ਕੌਰ ਦੁਆਰਾ ਲਿਖਿਆ ਗਿਆ ਖੋਜ ਪੱਤਰ ਹੈ। ਇਸ ਖੋਜ ਪੱਤਰ ਵਿੱਚ ਉਨ੍ਹਾਂ ਨੇ ਹਰਪ੍ਰੀਤ ਸੇਖਾਂ ਦੇ ਨਾਵਲ : 'ਹਨੇਰੇ ਰਾਹ' ਨੂੰ ਅਧਿਐਨ ਦਾ ਵਿਸ਼ਾ ਬਣਾਇਆ ਹੈ। ਨਾਵਲ ਦੇ ਹਵਾਲੇ ਨਾਲ ਉਨ੍ਹਾਂ ਨੇ ਕੈਨੇਡੀਅਨ ਇਮੀਗਰੇਸ਼ਨ ਨੀਤੀਆਂ ਦੇ ਲੂਪ ਹੋਲ ਤੇ ਪਰਵਾਸੀ ਪੰਜਾਬੀ ਸਮੁਦਾਇ ਦੁਆਰਾ ਕਾਨੂੰਨ/ਨੀਤੀਆਂ ਦੀ ਨਜਾਇਜ਼ ਢੰਗ ਨਾਲ ਕੀਤੀ ਜਾ ਰਹੀ ਦੁਰਵਰਤੋਂ ਅਤੇ ਜਾਅਲਸਾਜ਼ੀ ਆਦਿ ਬਾਰੇ ਮਹੱਤਵਪੂਰਨ ਚਰਚਾ ਕੀਤੀ ਗਈ ਹੈ।

**ਪ੍ਰਤੀਕ : ਸਿਧਾਂਤਕ ਪਰਿਪੇਖ** ਖੋਜ ਪੱਤਰ ਵਿੱਚ ਡਾ. ਸੰਦੀਪ ਸਿੰਘ ਨੇ ਭਾਰਤੀ ਅਤੇ ਪੱਛਮੀ ਵਿਦਵਾਨਾਂ ਦੇ ਹਵਾਲੇ ਨਾਲ ਪ੍ਰਤੀਕ ਦੀ ਸਿਧਾਂਤਕ ਸਮਝ ਸੰਬੰਧੀ ਨੁਕਤੇ ਪੇਸ਼ ਕੀਤੇ ਹਨ।

**ਬਦਲਦੇ ਮਾਨਵੀਂ ਸਰੋਕਾਰਾਂ ਨੂੰ ਪ੍ਰਗਟਾਉਂਦਾ ਕਾਵਿ-ਸੰਗ੍ਰਹਿ: ਰੂਹ ਦਾ ਰੇਗਿਸਤਾਨ** ਸਿਰਲੇਖ ਅਧੀਨ ਡਾ. ਮਨਜੀਤ ਕੌਰ ਵੱਲੋਂ ਲਿਖੇ ਗਏ ਖੋਜ ਪੱਤਰ ਉਸਨੇ ਪ੍ਰੋ. ਮੋਹਨ ਤਿਆਗੀ ਦੇ ਕਾਵਿ ਸੰਗ੍ਰਹਿ 'ਰੂਹ ਦਾ ਰੇਗਿਸਤਾਨ' ਨੂੰ ਅਧਿਐਨ ਦਾ ਵਿਸ਼ਾ ਬਣਾਉਂਦਿਆਂ ਕਾਵਿ ਸੰਗ੍ਰਹਿ ਅਤੇ ਮੋਹਨ ਤਿਆਗੀ ਦੀ ਕਾਵਿ ਰਚਨਾ ਬਾਰੇ ਅਹਿਮ ਚਰਚਾ ਕੀਤੀ ਹੈ।

ਡਾ. ਸੰਦੀਪ ਰਾਣਾ ਨੇ **ਪੰਜਾਬੀ ਕਹਾਣੀ ਵਿੱਚ ਪੇਸ਼ ਸਭਿਆਚਾਰਕ ਪਰਿਵਰਤਨ ਅਤੇ ਮਾਨਸਿਕ ਤਣਾਅ** ਸਿਰਲੇਖ ਅਧੀਨ ਖੋਜ ਪੱਤਰ ਲਿਖਦਿਆਂ ਭੁਪਿੰਦਰ ਸਿੰਘ ਮਾਨ ਦੇ ਕਹਾਣੀ ਸੰਗ੍ਰਹਿ 'ਲਾਲ ਰੱਤਾ' ਨੂੰ ਅਧਿਐਨ ਦਾ ਵਿਸ਼ਾ ਬਣਾਇਆ ਹੈ। ਕਹਾਣੀ ਸੰਗ੍ਰੀਹ 'ਲਾਲ ਰੱਤਾ' ਵਿੱਚ ਦਰਜ ਕਹਾਣੀਆਂ ਦੇ ਹਵਾਲੇ ਨਾਲ ਉਨ੍ਹਾਂ ਨੇ ਪੰਜਾਬੀ ਸੱਭਿਆਚਾਰ ਵਿੱਚ ਆਏ ਪਰਿਵਰਤਨ ਅਤੇ ਮਾਨਸਿਕ ਤਣਾਅ ਨੂੰ ਹੰਢਾ ਰਹੇ ਪੰਜਾਬੀ ਬੰਦੇ ਦੇ ਜੀਵਨ ਸੰਬੰਧੀ ਵੱਖ-ਵੱਖ ਪਹਿਲੂਆਂ ਨੂੰ ਪੇਸ਼ ਕੀਤਾ ਹੈ।

**ਪੰਜਾਬੀ ਦਲਿਤ ਸ੍ਵੈ-ਜੀਵਨੀ ਵਿਚ ਦਲਿਤ ਪਛਾਣ ਦਾ ਭਾਸ਼ਾਈ ਅਤੇ ਸਭਿਆਚਾਰਕ ਪ੍ਰਵਚਨ** ਸਿਰਲੇਖ ਅਧੀਨ ਖੋਜ ਪੱਤਰ ਲਿਖਦਿਆਂ ਸੁਖਚੈਨ ਸਿੰਘ ਨੇ ਪੰਜਾਬੀ ਸਾਹਿਤ ਵਿੱਚੋਂ ਦਲਿਤ ਪਿਛੋਕੜ ਨਾਲ ਜੁੜੇ ਵੱਖ-ਵੱਖ ਸਾਹਿਤਕਾਰਾਂ ਦੀਆਂ ਸਵੈ-ਜੀਵਨੀਆਂ ਨੂੰ ਆਪਣੇ ਅਧਿਐਨ ਦਾ ਵਿਸ਼ਾ ਬਣਾਇਆ ਹੈ ਅਤੇ ਉਨ੍ਹਾਂ ਵੱਲੋਂ ਪੇਸ਼ ਕੀਤੇ ਗਏ ਵਿਚਾਰਾ ਦਾ ਅਧਿਐਨ ਕਰਦਿਆਂ ਮਹੱਤਵਪੂਰਨ ਨੁਕਤੇ ਪੇਸ਼ ਕੀਤੇ ਹਨ।

**ਮਨਮੋਹਨ ਬਾਵਾ ਦਾ ਨਾਵਲ ਕਾਲ ਕਥਾ: ਇਕ ਅਧਿਐਨ** ਖੋਜ ਪੱਤਰ ਜਗਮੀਤ ਸਿੰਘ ਦੁਆਰਾ ਲਿਖਿਆ ਗਿਆ ਹੈ। ਇਸ ਖੋਜ ਪੱਤਰ ਵਿੱਚ ਜਗਮੀਤ ਸਿੰਘ ਨੇ 'ਕਾਲ ਕਥਾ' ਨਾਵਲ ਵਿੱਚ ਪੇਸ਼ ਵਿਸ਼ੇ ਦਾ ਬਹੁਪੱਖੀ ਅਧਿਐਨ ਪੇਸ਼ ਕਰਨ ਦੇ ਨਾਲ-ਨਾਲ ਪੰਜਾਬੀ ਨਾਵਲ ਦੇ ਹਾਵਲੇ ਵੀ ਇਸ ਸੰਬੰਧੀ ਚਰਚਾ ਕੀਤੀ ਹੈ।

**ਪੁਸਤਕ 'ਦੁੱਧ ਵਿੱਚ ਕਾਂਜੀ' ਪੰਜਾਬੀ ਦਾ ਸਤਿਆਨਾਸ: ਸੰਵਾਦ 'ਤੇ ਸਾਰਥਕਤਾ** ਖੋਜ ਪੱਤਰ ਪਵਨਬੀਰ ਸਿੰਘ ਦੁਆਰਾ ਲਿਖਿਆ ਹੈ। ਪਵਨਬੀਰ ਸਿੰਘ ਨੇ ਇਸ ਖੋਜ ਪੱਤਰ ਰਾਹੀਂ ਪੁਸਤਕ 'ਦੁੱਧ ਵਿੱਚ ਕਾਂਜੀ' ਵਿੱਚ ਦਰਜ ਲੇਖਕ ਦੇ ਵਿਚਾਰਾਂ ਦਾ ਗਹਿਣ ਅਧਿਐਨ ਕਰਦਿਆਂ ਉਸ ਸੰਬੰਧੀ ਤੱਥਾਂ ਸਹਿਤ ਆਪਣੀਆਂ ਮਹੱਵਪੂਰਨ ਟਿੱਪਣੀਆਂ ਦਰਜ ਕੀਤੀਆਂ ਹਨ।

ਇਸ ਅੰਕ ਦਾ ਦੂਜਾ ਭਾਗ ਸਾਹਿਤ ਹੈ, ਜਿਸ ਵਿੱਚ ਕੁੱਲ ਦੋ ਕਹਾਣੀਆਂ ਅਤੇ ਅੱਠ ਕਵਿਤਾਵਾਂ/ ਗ਼ਜ਼ਲਾਂ ਸ਼ਾਮਿਲ ਕੀਤੀਆਂ ਗਈਆਂ ਹਨ। ਪਹਿਲੀ ਕਹਾਣੀ ਪਾਕਿਸਾਤਨੀ ਪੰਜਾਬ ਦੇ ਪ੍ਰਸਿੱਧ ਕਹਾਣੀਕਾਰ ਖ਼ਾਲਿਦ ਫ਼ਰਹਾਦ ਧਾਰੀਵਾਲ ਦੀ **ਇੱਕ ਖ਼ਾਲੀ-ਖ਼ੂਲੀ ਬੰਦਾ** ਜਿਸ ਵਿੱਚ ਕਹਾਣੀਕਾਰ ਨੇ ਸਮਾਜ ਵੱਲੋਂ ਮਨੁੱਖ ਦੀ ਪਛਾਣ ਧਾਰਮਿਕ ਮਸਲਿਆਂ ਨਾਲ ਜੋੜ ਕੇ ਉਸ ਨਾਲ ਕੀਤੇ ਜਾਣ ਵਾਲੇ ਵਤੀਰੇ ਨੂੰ ਆਪਣਾ ਵਿਸ਼ਾ ਬਣਾਇਆ ਹੈ। ਦੂਜੀ ਕਹਾਣੀ **ਕਿਤੇ ਕੋਈ ਹੈ** ਪੰਜਾਬੀ ਦੇ ਪ੍ਰਸਿੱਧ ਕਹਾਣੀਕਾਰ ਜਿੰਦਰ ਦੀ ਹੈ। ਇਹ ਕਹਾਣੀ ਬੀਮਾਰੀ, ਤਨਹਾਈ, ਜਜ਼ਬਾਤਾਂ ਅਤੇ ਭਾਵਨਾਵਾਂ ਦੀ ਅਸਹਿਜਤਾ ਵਿਚ ਫਸੇ ਮਨੁੱਖ ਦੀ ਅੰਦਰੂਨੀ ਟੁੱਟ-ਭੱਜ ਨੂੰ ਦਰਸਾਉਂਦੀ ਹੋਈ ਗਹਿਰੇ ਮਨੋਵਿਗਿਆਨਕ ਟਕਰਾਅ ਨੂੰ ਉਜਾਗਰ ਕਰਦੀ ਹੈ।

ਇਸ ਭਾਗ ਵਿੱਚ ਪਹਿਲੀਆਂ **ਚਾਰ ਕਵਿਤਾਵਾਂ** ਪ੍ਰੋ. ਜਸਪਾਲ ਸਿੰਘ ਦੀ ਰਚਨਾਤਮਕ ਕਲਮ ਦਾ ਨਤੀਜਾ ਹਨ, ਜਿਨ੍ਹਾਂ ਵਿੱਚ ਉਨ੍ਹਾਂ ਨੇ ਗਹਿਰੇ ਦਾਰਸ਼ਨਿਕ ਦ੍ਰਿਸ਼ਟੀਕੋਣ ਤੋਂ ਜੀਵਨ, ਧਰਮ ਅਤੇ ਸਮਾਜ ਦੇ ਵਿਭਿੰਨ ਪੱਖਾਂ ਨੂੰ ਸੰਵੇਦਨਸ਼ੀਲਤਾ ਅਤੇ ਵਿਚਾਰਾਤਮਕ ਗੰਭੀਰਤਾ ਨਾਲ ਉਜਾਗਰ ਕੀਤਾ ਹੈ। ਅਗਲੀਆਂ **ਚਾਰ ਕਵਿਤਾਵਾਂ** ਨੌਜਵਾਨ ਪੰਜਾਬੀ ਕਵੀ ਜਸਵੰਤ ਸਮਾਲਸਰ ਦੀਆਂ ਹਨ। ਕਵੀ ਨੇ ਆਪਣੀਆਂ ਕਵਿਤਾਵਾਂ ਵਿੱਚ ਬੜੀ ਬੇਬਾਕੀ ਨਾਲ ਝੂਠੀ ਦੇਸ਼ਭਗਤੀ, ਸਿਆਸੀ ਪਾਖੰਡ, ਮੀਡੀਆ ਦੀ ਭੂਮਿਕਾ ਅਤੇ ਧਾਰਮਿਕ ਦਿਖਾਵੇ ਖ਼ਿਲਾਫ਼ ਤੀਖੀ ਤੇ ਬੇਬਾਕ ਆਵਾਜ਼ ਉਠਾਈ ਹੈ।

ਇਸ ਅੰਕ ਦਾ ਤੀਜਾ ਅਤੇ ਆਖਰੀ ਭਾਗ ਅਨੁਵਾਦ ਸਾਹਿਤ ਹੈ। ਇਸ ਵਿੱਚ ਰੰਜਨਾ ਜਾਯਸਵਾਲ ਦੁਆਰਾ ਰਚਿਤ ਕਹਾਣੀ **ਇਸ਼ਕ ਦਾ ਰੰਗ ਗ੍ਰੇਅ** ਨੂੰ ਸ਼ਾਮਿਲ ਕੀਤਾ ਗਿਆ ਹੈ। ਜਿਸ ਦਾ ਪੰਜਾਬੀ ਅਨੁਵਾਦ ਪ੍ਰੋ. ਨਵ ਸੰਗੀਤ ਸਿੰਘ ਦੁਆਰਾ ਕੀਤਾ ਗਿਆ ਹੈ। ਇਹ ਕਹਾਣੀ ਵਿਆਹੁਤਾ ਜ਼ਿੰਦਗੀ ਦੇ ਉਸ ਸੁੰਨੇ ਕੋਨੇ ਨੂੰ ਆਪਣਾ ਵਿਸ਼ਾ ਬਣਾਉਂਦੀ ਹੈ ਜਿੱਥੇ ਸੁਖ-ਸੁਵਿਧਾਵਾਂ ਹੋਣ ਦੇ ਬਾਵਜੂਦ ਭਾਵਨਾਤਮਕ ਖ਼ਾਲੀਪਨ ਹੁੰਦਾ ਹੈ ਅਤੇ ਜ਼ਿੰਦਗੀ ਦੀਆਂ ਜ਼ਿੰਮੇਵਾਰੀਆਂ ਤੋਂ ਸੁਰਖ਼ਰੂ ਹੁੰਦੇ ਹੀ ਪਤੀ-ਪਤਨੀ ਇੱਕ ਦੂਜੇ ਤੋਂ ਵੱਖਰੇ ਰਹਿਣ ਦਾ ਫੈਸਲਾ ਕਰ ਲੈਂਦੇ ਹਨ।

ਸਮੁੱਚੇ ਤੌਰ 'ਤੇ ਖੋਜਨਾਮਾ ਦਾ ਇਹ ਅੰਕ ਵਿਦਵਾਨਾਂ, ਖੋਜਰਾਥੀਆਂ ਅਤੇ ਸਾਹਿਤ ਪ੍ਰੇਮੀਆਂ ਲਈ ਇੱਕ ਐਸਾ ਗੁਲਦਸਤਾ ਹੈ, ਜਿਸ ਵਿੱਚ ਖੋਜ ਦੀ ਗੰਭੀਰਤਾ ਦੇ ਨਾਲ-ਨਾਲ ਸਾਹਿਤ ਦੀ ਸੁਗੰਧ ਵੀ ਭਰਪੂਰ ਮਾਤਰਾ ਵਿੱਚ ਸਮਾਈ ਹੋਈ ਹੈ। ਇਸ ਅੰਕ

ਵਿੱਚ ਸ਼ਾਮਲ ਖੋਜ ਪੱਤਰ ਵਿਸ਼ਿਆਂ ਦੀ ਵਿਭਿੰਨਤਾ, ਵਿਸ਼ਾਲਤਾ, ਵਿਧੀਬੱਧਤਾ ਅਤੇ ਨਵੀਂ ਸੋਚ ਦੇ ਦਰਸ਼ਨ ਕਰਾਉਂਦੇ ਹਨ, ਜਦਕਿ ਸਾਹਿਤਕ ਰਚਨਾਵਾਂ ਪਾਠਕ ਮਨ ਨੂੰ ਰਸ, ਸੰਵੇਦਨਾ ਅਤੇ ਆਨੰਦ ਪ੍ਰਦਾਨ ਕਰਦੀਆਂ ਹੋਈਆਂ ਬੌਧਿਕ ਹਲੂਣਾ ਦਿੰਦੀਆਂ ਹਨ। ਇਹ ਅੰਕ ਪੰਜਾਬੀ ਸਾਹਿਤ ਅਤੇ ਖੋਜ ਦੀ ਸਮਕਾਲੀ ਦਿਸ਼ਾ ਅਤੇ ਦਸ਼ਾ ਨੂੰ ਸਪਸ਼ਟ ਰੂਪ ਵਿੱਚ ਉਜਾਗਰ ਕਰਦਾ ਹੈ।

ਸਾਨੂੰ ਪੂਰਾ ਵਿਸ਼ਵਾਸ ਹੈ ਕਿ ਪਿਛਲੇ ਅੰਕਾਂ ਦੀ ਤਰ੍ਹਾਂ ਹੀ ਖੋਜਨਾਮਾ ਦਾ ਇਹ ਅੰਕ ਵੀ ਆਪਣੇ ਪਾਠਕ ਵਰਗ ਦੀਆਂ ਆਸਾਂ, ਉਮੀਦਾਂ ਅਤੇ ਬੌਧਿਕ ਲੋੜਾਂ 'ਤੇ ਪੂਰੀ ਤਰ੍ਹਾਂ ਖਰਾ ਉਤਰੇਗਾ ਅਤੇ ਉਨ੍ਹਾਂ ਲਈ ਵਿਚਾਰ-ਵਟਾਂਦਰੇ, ਸੰਵਾਦ ਅਤੇ ਅਗਲੀ ਖੋਜ ਲਈ ਨਵੇਂ ਰਾਹ ਖੋਲ੍ਹੇਗਾ।

ਜਿੰਨ੍ਹਾਂ ਵਿਦਵਾਨਾਂ ਤੇ ਖੋਜਰਾਥੀਆਂ ਦੇ ਖੋਜ ਪੱਤਰਾਂ ਅਤੇ ਸਾਹਿਤਕਾਰਾਂ ਦੀਆਂ ਰਚਨਾਵਾਂ ਨੂੰ ਖੋਜਨਾਮਾ ਦੀ ਸੰਪਾਦਕੀ ਨੀਤੀ ਅਨੁਸਾਰ ਇਸ ਅੰਕ ਵਿੱਚ ਸ਼ਾਮਲ ਨਹੀਂ ਕੀਤਾ ਜਾ ਸਕਿਆ, ਉਨ੍ਹਾਂ ਸਭ ਤੋਂ ਅਸੀਂ ਸੱਚੇ ਦਿਲੋਂ ਖ਼ਿਮਾਂ ਦੇ ਜਾਚਕ ਹਾਂ। ਉਨ੍ਹਾਂ ਦੀ ਬੌਧਿਕ ਮਿਹਨਤ ਅਤੇ ਰਚਨਾਤਮਕ ਯੋਗਦਾਨ ਸਾਡੇ ਲਈ ਸਦਾ ਆਦਰਯੋਗ ਹੈ। ਜਿੰਨ੍ਹਾਂ ਵਿਦਵਾਨਾਂ, ਖੋਜਰਾਥੀਆਂ ਅਤੇ ਸਾਹਿਤਕਾਰਾਂ ਦੀਆਂ ਰਚਨਾਵਾਂ ਇਸ ਅੰਕ ਦਾ ਸ਼ਿੰਗਾਰ ਬਣੀਆਂ ਹਨ, ਉਨ੍ਹਾਂ ਸਭ ਦਾ ਅਸੀਂ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਕਰਦੇ ਹਾਂ, ਕਿਉਂਕਿ ਉਨ੍ਹਾਂ ਦੇ ਸਹਿਯੋਗ ਤੋਂ ਬਿਨਾਂ ਇਸ ਅੰਕ ਦਾ ਪ੍ਰਕਾਸ਼ਨ ਸੰਭਵ ਨਹੀਂ ਸੀ।

ਬਤੌਰ ਸੰਪਾਦਕ, ਖੋਜਨਾਮਾ ਦਾ ਇਹ ਅੰਕ ਪਾਠਕਾਂ ਦੀ ਕਚਹਿਰੀ ਵਿੱਚ ਪੇਸ਼ ਕਰਦਿਆਂ ਮੈਂ ਬੇਹੱਦ ਖੁਸ਼ੀ ਮਹਿਸੂਸ ਕਰ ਰਿਹਾ ਹਾਂ। ਮੈਨੂੰ ਪੂਰਨ ਆਸ ਹੈ ਕਿ ਪਾਠਕ ਇਸ ਅੰਕ ਨੂੰ ਗੰਭੀਰਤਾ ਨਾਲ ਪੜ੍ਹਨਗੇ ਅਤੇ ਆਪਣੇ ਕੀਮਤੀ ਸੁਝਾਵਾਂ ਅਤੇ ਆਲੋਚਨਾਤਮਕ ਟਿੱਪਣੀਆਂ ਨਾਲ ਸਾਡੇ ਯਤਨਾਂ ਨੂੰ ਹੋਰ ਸੰਵਾਰਨ ਵਿੱਚ ਸਹਾਇਤਾ ਕਰਨਗੇ। ਤੁਹਾਡੇ ਵਡਮੁੱਲੇ ਸੁਝਾਵਾਂ ਦੀ ਸਾਨੂੰ ਸਦਾ ਉਡੀਕ ਰਹੇਗੀ, ਕਿਉਂਕਿ ਤੁਹਾਡੇ ਸੁਝਾਅ ਹੀ ਖੋਜਨਾਮਾ ਨੂੰ ਨਿਰੰਤਰ ਚਲਾਉਣ ਅਤੇ ਬਿਹਤਰ ਬਣਾਉਣ ਲਈ ਸਾਡੇ ਪ੍ਰੇਰਣਾ ਸ੍ਰੋਤ ਬਣਦੇ ਹਨ।
ਧੰਨਵਾਦ ਸਹਿਤ।

ਸੰਪਾਦਕ



ਸਾਹਿਤ ਅਤੇ ਖੋਜ ਮਨੁੱਖੀ ਬੌਧਿਕ ਪਰੰਪਰਾ ਦੇ ਉਹ ਮਜ਼ਬੂਤ ਆਧਾਰ ਹਨ ਜਿਨ੍ਹਾਂ ਰਾਹੀਂ ਮਨੁੱਖ ਆਪਣੇ ਅਨੁਭਵ, ਇਤਿਹਾਸ ਅਤੇ ਸਮਕਾਲੀ ਯਥਾਰਥ ਨੂੰ ਅਰਥ ਪ੍ਰਦਾਨ ਕਰਦਾ ਹੈ। ਜਿੱਥੇ ਸਾਹਿਤ ਮਨੁੱਖੀ ਸੰਵੇਦਨਾਵਾਂ ਅਤੇ ਭਾਵਨਾਵਾਂ ਦਾ ਪ੍ਰਗਟਾਅ ਕਰਦਾ ਹੋਇਆ ਬੌਧਿਕ ਚੇਤਨਾ ਨੂੰ ਹੋਰ ਵਿਸਥਾਰ ਦਿੰਦਾ ਹੈ। ਉੱਥੇ ਹੀ ਖੋਜ ਦਾ ਅਰਥ ਸਿਰਫ਼ ਜਾਣਕਾਰੀ ਪ੍ਰਾਪਤ ਕਰਨਾ ਜਾਂ ਪ੍ਰਦਾਨ ਕਰਨਾ ਨਹੀਂ ਹੁੰਦਾ, ਬਲਕਿ ਪ੍ਰਸ਼ਨਾਂ ਦੀ ਪੜਤਾਲ, ਤੱਥਾਂ ਦੀ ਜਾਂਚ, ਸਿੱਟਿਆਂ ਦਾ ਮੁਲਾਂਕਣ ਅਤੇ ਅਰਥਾਂ ਦੀ ਵਿਗਿਆਨਕ ਵਿਆਖਿਆ ਕਰਨਾ ਹੁੰਦਾ ਹੈ। ਇਸ ਦਾਰਸ਼ਨਿਕ ਅਤੇ ਅਕਾਦਮਿਕ ਪ੍ਰਸੰਗ ਵਿੱਚ ਖੋਜਨਾਮਾ ਜਰਨਲ ਸਿਰਫ਼ ਇੱਕ ਪ੍ਰਕਾਸ਼ਨ ਨਹੀਂ, ਸਗੋਂ ਇੱਕ ਗੰਭੀਰ ਬੌਧਿਕ ਮੰਚ ਹੈ, ਜਿੱਥੇ ਵਿਦਵਾਨਾਂ ਦੇ ਸੰਵਾਦ, ਸਮੀਖਿਆਤਮਕ ਵਿਚਾਰ ਅਤੇ ਖੋਜਾਤਮਕ ਦ੍ਰਿਸ਼ਟੀਕੋਣ ਨੂੰ ਵਿਗਿਆਨਕ ਮਿਆਰਾਂ ਅਨੁਸਾਰ ਪੇਸ਼ ਕੀਤਾ ਜਾਂਦਾ ਹੈ। ਖੋਜਨਾਮਾ ਦੀ ਜਿਲਦ-3 ਦੇ ਸਤੰਬਰ–ਦਸੰਬਰ 2025 ਅੰਕ ਵਿੱਚ ਇਸ ਹੀ ਪਰੰਪਰਾ ਨੂੰ ਅੱਗੇ ਵਧਾਉਂਦੇ ਹੋਏ ਪੰਜਾਬੀ ਸਾਹਿਤ, ਸਭਿਆਚਾਰ ਅਤੇ ਸਮਾਜ ਅਧਿਐਨ ਦੇ ਵੱਖ-ਵੱਖ ਪਹਿਲੂਆਂ ‘ਤੇ ਕੇਂਦ੍ਰਿਤ ਗੰਭੀਰ ਖੋਜ ਪੱਤਰਾਂ ਅਤੇ ਸਾਹਿਤਕ ਰਚਨਾਵਾਂ ਨੂੰ ਪ੍ਰਕਾਸ਼ਿਤ ਕੀਤਾ ਗਿਆ ਹੈ।

ਇਸ ਅੰਕ ਦੇ ਪਹਿਲੇ ਭਾਗ ਵਿੱਚ ਗਿਆਰਾਂ ਖੋਜ ਪੱਤਰ ਹਨ। ਜਿੰਨ੍ਹਾਂ ਰਾਹੀ ਵੱਖ-ਵੱਖ ਸਾਹਿਤ ਰੂਪਾਂ ਦਾ ਮੁਲਾਂਕਣ ਕਰਨ ਦੇ ਨਾਲ-ਨਾਲ ਇਤਿਹਾਸਿਕ ਅਤੇ ਮਿਥਿਹਾਸਿਕ ਸ੍ਰੋਤਾਂ ਦੇ ਹਵਾਲੇ ਨਾਲ ਖਾਸ ਤੱਥ ਉਜਾਗਰ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਇਸ ਅੰਕ ਦਾ ਦੂਜਾ ਭਾਗ ਸਾਹਿਤ ਹੈ, ਜਿਸ ਵਿੱਚ ਕੁੱਲ ਦੋ ਕਹਾਣੀਆਂ ਅਤੇ ਅੱਠ ਕਵਿਤਾਵਾਂ/ ਗ਼ਜ਼ਲਾਂ ਸ਼ਾਮਿਲ ਕੀਤੀਆਂ ਗਈਆਂ ਹਨ। ਇਸ ਅੰਕ ਦਾ ਤੀਜਾ ਅਤੇ ਆਖਰੀ ਭਾਗ ਅਨੁਵਾਦ ਸਾਹਿਤ ਹੈ। ਜਿਸ ਵਿੱਚ ਹਿੰਦੀ ਕਹਾਣੀ ਦਾ ਪੰਜਾਬੀ ਅਨੁਵਾਦ ਸ਼ਾਮਿਲ ਕੀਤਾ ਗਿਆ ਹੈ।ਸਾਨੂੰ ਪੂਰਾ ਵਿਸ਼ਵਾਸ ਹੈ ਕਿ ਪਿਛਲੇ ਅੰਕਾਂ ਦੀ ਤਰ੍ਹਾਂ ਹੀ ਖੋਜਨਾਮਾ ਦਾ ਇਹ ਅੰਕ ਵੀ ਆਪਣੇ ਪਾਠਕ ਵਰਗ ਦੀਆਂ ਆਸਾਂ, ਉਮੀਦਾਂ ਅਤੇ ਬੌਧਿਕ ਲੋੜਾਂ ‘ਤੇ ਪੂਰੀ ਤਰ੍ਹਾਂ ਖਰਾ ਉਤਰੇਗਾ ਅਤੇ ਉਨ੍ਹਾਂ ਲਈ ਵਿਚਾਰ-ਵਟਾਂਦਰੇ, ਸੰਵਾਦ ਅਤੇ ਅਗਲੀ ਖੋਜ ਲਈ ਨਵੇਂ ਰਾਹ ਖੋਲ੍ਹੇਗਾ।

ਸੰਪਾਦਕ

www.khojnama.com khojnamapb03@gmail.com +91 9877661770